# ਭਾਗ-ਤੀਜਾ

# ਲੋਕ-ਕਾਵਿ : ਪਰਿਭਾਸ਼ਾ ਤੇ ਵੰਨਗੀਆਂ

ਲੋਕ-ਕਾਵਿ ਕਿਸੇ ਕੌਮ ਦੀ ਵਿਰਾਸਤ ਹੁੰਦਾ ਹੈ। ਇਸ ਵਿੱਚੋਂ ਕਿਸੇ ਸਮਾਜ ਦੇ ਵਿਕਾਸ ਦੀ ਰੂਪ-ਰੇਖਾ ਨੂੰ ਵੇਖਿਆ ਜਾ ਸਕਦਾ ਹੈ। ਲੋਕ-ਕਾਵਿ ਵਿੱਚ ਮਨੁੱਖੀ ਵਰਤਾਰਿਆਂ, ਪ੍ਰਵਿਰਤੀਆਂ, ਸਮਾਜਕ ਬਣਤਰ, ਰਿਸ਼ਤਾ-ਨਾਤਾ ਪ੍ਰਬੰਧ, ਕੰਮ-ਧੰਦੇ, ਦੁੱਖ-ਸੁੱਖ ਦੀਆਂ ਸਥਿਤੀਆਂ, ਪਿਆਰ, ਵਿਛੋੜਾ ਅਤੇ ਰੋਮਾਂਸ ਆਦਿ ਨੂੰ ਸਹਿਜ ਪ੍ਰਕਿਰਿਆ ਦੇ ਰੂਪ ਵਿੱਚ ਸਿਰਜਿਆ ਅਤੇ ਮੌਖਿਕ ( ਜ਼ੁਬਾਨੀ ) ਰੂਪ 'ਚ ਸੰਭਾਲਿਆ ਤੇ ਸੰਚਾਰਿਆ ਜਾਂਦਾ ਹੈ। ਇੰਜ ਲੋਕ-ਕਾਵਿ ਕਿਸੇ ਸੱਭਿਆਚਾਰ  ਦਾ ਆਧਾਰ ਹੁੰਦਾ ਹੈ। ਲੋਕ-ਕਾਵਿ ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤੱਕ; ਜ਼ਿੰਦਗੀ ਦੇ ਵੱਖ-ਵੱਖ ਮੌਕਿਆਂ 'ਤੇ ਉਸਦੇ ਅੰਗ-ਸੰਗ ਹੁੰਦਾ ਹੈ।

ਸਪਸ਼ਟ ਹੈ ਕਿ ਲੋਕ-ਕਾਵਿ ਅਜਿਹੀ ਸਿਰਜਣਾ ਹੁੰਦਾ ਹੈ, ਜਿਸ ਵਿੱਚ ਲੋਕ-ਮਨ ਦੀ ਪੱਧਰ 'ਤੇ ਸਮਾਜਕ, ਆਰਥਕ, ਰਾਜਨੀਤਕ ਅਤੇ ਸਭਿਆਚਾਰਕ ਪ੍ਰਸਥਿਤੀਆ ਦੇ ਅਨੁਭਵ ਨੂੰ ਜ਼ੁਬਾਨ ਮਿਲਦੀ ਹੈ। ਲੋਕ-ਕਾਵਿ ਵਿੱਚ ਸਮੂਹਿਕ ਅਨੁਭਵ ਮੌਖਿਕ ਰੂਪ ਵਿੱਚ ਸੰਚਾਰਿਤ ਹੁੰਦਾ ਹੈ। ਇਸੇ ਕਰਕੇ ਲੋਕ-ਕਾਵਿ ਵਿੱਚ ਅਨੁਭਵ ਦੀ ਪੇਸ਼ਕਾਰੀ ਨਿਰ-ਉਚੇਚ ਰੂਪ 'ਚ ਹੁੰਦੀ ਹੈ। ਇਸ ਵਿੱਚ ਲੋਕਾਂ ਦੇ ਭਾਵਾਂ ਦੀ ਤਰਜ਼ਮਾਨੀ ਹੁੰਦੀ ਹੈ।

ਪੰਜਾਬੀ ਲੋਕ-ਕਾਵਿ ਦੀ ਆਪਣੀ ਇੱਕ ਬਲਵਾਨ ਪਰੰਪਰਾ ਹੈ। ਪੰਜਾਬੀਆਂ ਨੇ ਆਪਣੇ ਲੋਕ-ਕਾਵਿ ਨੂੰ ਵੀ ਧੀਆਂ-ਪੁੱਤਰਾਂ ਵਾਂਗ ਹੀ ਪਾਲਿਆ ਹੈ। ਇਹ ਲੋਕ-ਕਾਵਿ ਪੀੜ੍ਹੀ-ਦਰ-ਪੀੜ੍ਹੀ ਪੰਜਾਬੀ ਲੋਕ-ਜੀਵਨ ਦੇ ਨਾਲ-ਨਾਲ ਹੀ ਤੁਰਦਾ ਆ ਰਿਹਾ ਹੈ। ਇਸ ਦੀ ਮੜ੍ਹਕ ਅਤੇ ਗੜ੍ਹਕ ਸਮੇਂ ਦੀਆਂ ਮਾਰਾਂ ਨੂੰ ਸਹਿੰਦੀ ਹੋਈ ਵੀ ਆਪਣੀ ਹੋਂਦ ਨੂੰ ਕਾਇਮ ਰੱਖ ਰਹੀ ਹੈ।

ਪੰਜਾਬੀ ਲੋਕ-ਕਾਵਿ ਦਾ ਖੇਤਰ ਬਹੁਤ ਵਿਸ਼ਾਲ ਹੈ। ਵਿਦਿਆਰਥੀਆਂ ਵਿੱਚ ਲੋਕ-ਕਾਵਿ ਸੰਬੰਧੀ ਉਤਸ਼ਾਹ ਪੈਦਾ ਕਰਨ ਦੀ ਮਨਸ਼ਾ ਨਾਲ, ਪੰਜਾਬੀ ਲੋਕ-ਕਾਵਿ ਦੀਆਂ ਕੁੱਝ ਵੰਨਗੀਆਂ ਪਾਠ-ਪੁਸਤਕ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ :-

## 1. ਲੋਰੀਆਂ

'ਲੋਰੀ' ਜਾਂ 'ਲੋਰੀਆਂ' ਪੰਜਾਬੀ ਲੋਕ-ਕਾਵਿ ਦੀ ਅਜਿਹੀ ਵੰਨਗੀ ਹੈ, ਜਿਹੜੀ ਮਾਂ ਆਪਣੇ ਪੁੱਤਰ ਨੂੰ ਸੁਆਉਣ ਲਈ ਵਰਤਦੀ ਹੋਈ ਉਸ ਨੂੰ ਥਪ-ਥਪਾਉਂਦੀ ਤੇ ਪਿਆਰ ਕਰਦੀ ਹੈ। ਨਵ-ਜਾਤ ਬੱਚੇ ਨੂੰ ਜਦੋਂ ਉਹ ਚੀਕਦਾ, ਰੋਂਦਾ ਜਾ ਆਪਣੇ ਆਪ ਨੂੰ ਨਾ-ਖ਼ੁਸ਼ ਮਹਿਸੂਸ ਕਰਦਾ ਹੈ ਤਾਂ ਮਾਂ ਬੱਚੇ ਨੂੰ ਆਪਣੀਆਂ ਬਾਹਾਂ ਵਿੱਚ ਲੈ ਕੇ ਸੁਭਾਵਕ ਆਵਾਜ਼ ਤੋਂ ਹੱਟ ਕੇ ਕੁਝ ਹੇਕ ਲਾਉਂਦੀ ਹੈ ਤੇ ਬੱਚਾ ਆਰਾਮ ਮਹਿਸੂਸ ਕਰਕੇ ਸੌਂ ਜਾਂਦਾ ਹੈ। ਲੋਰੀ ਨੂੰ ਪਰਿਭਾਸ਼ਤ ਕਰਦਿਆਂ ਮਹਾਨ ਕੋਸ਼ ਵਿੱਚ ਲਿਖਿਆ ਹੈ,"ਬੱਚੇ ਦੇ

ਲਾਲਣ ਅਤੇ ਸੁਆਲਣ ਲਈ ਕੀਤਾ ਗਿਆ ਸੂਰਾ ਦਾ ਅਲਾਪ।" ਲੋਰੀ ਵਿੱਚ ਬੱਚੇ ਨੂੰ ਥਪਕਾਉਂਦਿਆ ਹੋਇਆ ਮਾਂ ਊਂ ਊਂ! ਆਂ ਆਂ। ਈਂ ਈਂ। ਆਦਿ ਧੁਨੀਆਂ ਅਲਾਪਦੀ ਹੈ। ਲੋਰੀ ਲਈ ਅੰਗਰੇਜ਼ੀ ਵਿੱਚ **LULLABY** ਸ਼ਬਦ ਵਰਤਿਆ ਜਾਂਦਾ ਹੈ। ਲੋਰੀ ਤੋਂ ਭਾਵ ਬੱਚਿਆ ਨੂੰ ਸੁਆਉਣ ਲਈ ਗਾਈਆਂ ਜਾਣ ਵਾਲੀਆਂ ਲੈਆਂ ਤੋਂ ਲਿਆ ਜਾਂਦਾ ਹੈ।

ਦੁਨੀਆਂ ਦਾ ਕੋਈ ਖਿੱਤਾ ਮੋਹ ਭਿੰਨੀਆਂ ਲੋਰੀਆਂ ਤੋਂ ਸੱਖਣਾ ਨਹੀਂ। ਬੱਚਿਆਂ ਨੂੰ ਵਰਾਉਣ, ਪਰਚਾਉਣ, ਲਾਡ-ਲਡਾਉਣ ਵਾਸਤੇ ਇਸ ਕਾਵਿ-ਰੂਪ ਦੀ ਵਰਤੋਂ ਕੀਤੀ ਜਾਂਦੀ ਹੈ। 'ਅੱਲੜ-ਬੱਲੜ ਬਾਵੇਦਾ' ਪੰਜਾਬੀ ਲੋਰੀ ਗੀਤਾਂ ਦੀ ਮਹੱਤਵਪੂਰਨ ਤੁਕ ਹੈ।

ਲੋਰੀ ਮਿੱਠੀ ਸੁਰ ਵਿੱਚ ਉੱਚਾਰੀ ਜਾਂਦੀ ਹੈ। ਇਹ ਹਿਰਦੇਵੇਦਕ ਸੁਰ ਸੰਬੋਧਨੀ ਰੂਪ ਵਿੱਚ ਹੁੰਦੀ ਹੈ। ਜੋ ਵਿਸ਼ੇਸ਼ ਪ੍ਰਕਾਰ ਦੀ ਲੋਰ ਵਿੱਚ ਅਲਾਪੀ ਜਾਂਦੀ ਹੈ। ਲੋਰ ਤੋਂ ਭਾਵ ਵਿਸ਼ੇਸ਼ ਤਰੰਗ, ਚਾਅ ਤੋਂ ਹੈ। ਇਹ ਲੋਰ ਲਾਡਾਂ, ਚਾਵਾਂ ਤੇ ਉਮੰਗਾਂ ਨਾਲ ਭਰਪੂਰ ਹੁੰਦਾ ਹੈ। ਲੋਰੀਆਂ ਕੇਵਲ ਮਾਂ ਹੀ ਬੱਚੇ ਨੂੰ ਨਹੀਂ ਦਿੰਦੀ, ਸਗੋਂ ਭਾਵਾਂ ਦੇ ਪ੍ਰਗਟਾਅ ਲਈ ਕੋਈ ਵੀ ਘਰ ਦਾ ਜੀਅ, ਨਜਦੀਕੀ ਸਾਕ-ਸੰਬੰਧੀ ਹੋ ਸਕਦਾ ਹੈ, ਭਾਵ ਬੱਚੇ ਦੀ ਭੈਣ, ਨਾਨੀ, ਦਾਦੀ, ਚਾਚੀ, ਤਾਈ, ਮਾਮੀ, ਮਾਸੀ, ਭੂਆ, ਖਿਡਾਉਣ ਵਾਲੀ ਇਸਤਰੀ ਆਦਿ।

ਲੋਰੀ ਗੀਤ ਕਿਸੇ ਵੀ ਸਮਾਜ, ਸੱਭਿਆਚਾਰ ਦਾ ਅਨਮੋਲ ਖਜ਼ਾਨਾ ਹੁੰਦੇ ਹਨ। ਇਹ ਹੀ ਕਾਰਨ ਹੈ ਕਿ ਇਹਨਾਂ ਵਿੱਚ ਸ਼ਾਬਦਿਕ/ ਸੱਭਿਆਚਾਰਕ ਵਖਰੇਵਾਂ ਦੇਖਣ ਨੂੰ ਮਿਲਦਾ ਹੈ। ਸੁਆਣੀਆਂ ਜਦੋਂ ਕਿਸੇ ਕਾਰਜ ਵਿੱਚ ਜੁਟੀਆਂ ਹੁੰਦੀਆਂ ਹਨ ( ਜਿਵੇਂ ਕਸੀਦਾ ਕੱਢਣਾ, ਆਟਾ ਗੁੰਨਣਾ, ਪੀਹਣ ਬਣਾਉਣਾ, ਰੋਟੀ ਬਣਾਉਣਾ ਆਦਿ ) ਤਾਂ ਉਹ ਪਘੂੰੜੇ ਵਿੱਚ ਜਾਂ ਫਿਰ ਮੰਜੀ ਦੀ ਬਾਹੀ ਨਾਲ ਬੰਨ੍ਹੀ ਝਲੂੰਗੀ ਵਿੱਚ ਪਏ ਬੱਚੇ ਨੂੰ ਕਾਰਜ ਦੇ ਨਾਲ-ਨਾਲ ਲੋਰੀਆਂ ਵੀ ਦਿੰਦੀਆਂ ਰਹਿੰਦੀਆਂ ਹਨ। ਲਾਡ ਲੜਾਉਂਦਿਆਂ ਗੀਤ ਸੁਣਾਏ ਜਾਂਦੇ ਹਨ। ਇੱਥੇ ਇੱਕ ਪਹਿਲੂ ਵਿਚਾਰਨ ਯੋਗ ਹੈ ਕਿ ਧੀਆਂ ਨਾਲ ਸੰਬੰਧਤ ਲੋਰੀਆਂ ਨਹੀਂ ਮਿਲਦੀਆਂ। ਸੋ ਪੁੱਤਰ ਪ੍ਰਪਤੀ ਤੇ ਮਾਂ ਵੀ ਮਾਣ ਮਹਿਸੂਸ ਕਰਕੇ ਕੁੱਝ ਵਿਸ਼ੇਸ਼ ਲੋਰੀਆਂ ਗਾਉਂਦੀ ਹੈ।

ਲੋਰੀਆਂ ਸੰਬੰਧੀ ਇੱਕ ਨੁਕਤਾ ਇਹ ਵੀ ਵਿਚਾਰਨਯੋਗ ਹੈ ਕਿ ਇਸ ਕਾਵਿ ਰੂਪ ਵਿੱਚ ਸਮਾਜਕ, ਸੱਭਿਆਚਾਰਕ, ਆਰਥਕ, ਭਾਈਚਾਰਕ, ਰਾਜਨੀਤਕ ਆਦਿ ਭਾਵ ਸਹਿਜ ਸੁਭਾਵਕ ਹੀ ਪ੍ਰਗਟ ਹੋ ਜਾਂਦੇ ਹਨ। ਇਸ ਤਰ੍ਹਾਂ ਹੀ ਇਹਨਾਂ ਵਿੱਚ ਪਸ਼ੂ, ਪੰਛੀ, ਰਾਜੇ, ਮਹਾਰਾਜੇ, ਸ਼ਹਿਰ, ਪਿੰਡਾਂ ਦਾ ਜ਼ਿਕਰ ਵੀ ਸ਼ਾਮਲ ਹੋਇਆ ਮਿਲਦਾ ਹੈ।

ਸਪਸ਼ਟ ਹੈ ਕਿ ਲੋਰੀਆਂ ਕੇਵਲ ਬੱਚੇ ਦੇ ਖਿਡਾਉਣ, ਪ੍ਰਚਾਉਣ ਤੱਕ ਹੀ ਸੀਮਤ ਨਹੀਂ ਰਹਿੰਦੀਆਂ, ਸਗੋਂ ਇਹਨਾਂ ਵਿੱਚੋਂ ਜੀਵਨ ਦੀ ਵਿਸ਼ਾਲਤਾ ਦੇ ਦਰਸ਼ਨ ਵੀ ਕੀਤੇ ਜਾ ਸਕਦੇ ਹਨ। ਪਰ ਅਜੋਕੇ ਦੌਰ ਵਿੱਚ ਇਹ ਚਿੰਤਾ ਦਾ ਵਿਸ਼ਾ ਹੈ ਕਿ ਸੁਆਣੀਆਂ ਦੀ ਇਸ ਕਾਵਿ-ਰੂਪ ਵਿੱਚ ਦਿਲਚਸਪੀ ਘੱਟਦੀ ਜਾ ਰਹੀ ਹੈ। ਮਸ਼ੀਨੀਕਰਨ ਦੇ ਯੁੱਗ ਵਿੱਚ ਖੇਡਣ, ਮਨ ਪ੍ਰਚਾਉਣ ਦੇ ਤੌਰ ਤਰੀਕੇ ਬਦਲ ਰਹੇ ਹਨ। ਜੇਕਰ ਇਸ ਲੋਕ ਵਿਰਸੇ ਦੀ ਪ੍ਰਵਿਰਤੀ ਨੂੰ ਸੁਰਜੀਤ ਰੱਖਣਾ ਹੈ ਤਾਂ ਸਮੇਂ ਦੀ ਲੋੜ ਅਨੁਸਾਰ ਇਸਨੂੰ ਸੰਭਾਲ ਕੇ ਰੱਖਿਆ ਜਾਵੇ, ਵਿਵਹਾਰਿਕਤਾ ਵਿੱਚ ਅਪਣਾਇਆ ਜਾਵੇ ਤਾਂ ਇਹ ਸ਼ਾਨ ਵਾਲੀ ਗੱਲ ਸਾਬਤ ਹੋਵੇਗੀ।

ਇਹਨਾਂ ਵਿਚਾਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਦਿਆਰਥੀਆਂ ਲਈ ਪਾਠ-ਪੁਸਤਕ ਵਿੱਚ ਕੁੱਝ ਲੋਰੀਆਂ ਨਮੂਨੇ ਵਜੋਂ ਪੇਸ਼ ਕੀਤੀਆਂ ਜਾ ਰਹੀਆਂ ਹਨ :-

## ਲੈ ਵੇ ਬਾਬਾ ਲੋਰੀਆਂ

ਲੈ ਵੇ ਬਾਬਾ ਲੋਰੀਆਂ, ਲੈ ਵੇ ਕਾਕਾ ਲੋਰੀਆਂ।
ਲੈ ਵੇ ਬਾਬਾ ਲੋਰੀਆਂ, ਲੈ ਵੇ ਕਾਕਾ ਲੋਰੀਆਂ।

ਜੰਮਿਆ ਪੂਰ ਖੜੰਮਿਆ,
ਨਾਈਆਂ ਡੂੰਮਾਂ ਦੀ ਭਾਗੀ ਜੰਮਿਆ,

ਲੈ ਵੇ ਬਾਬਾ ਲੋਰੀਆਂ, ਲੈ ਵੇ ਕਾਕਾ ਲੋਰੀਆਂ।

ਤੇਰੇ ਬਾਬੇ ਤੇ ਦਾਦੀ ਦੀਆਂ, ਰੱਬ ਪੁਜਾਈਆਂ ਆਸਾਂ,
ਲੈ ਵੇ ਬਾਬਾ ਲੋਰੀਆਂ, ਲੈ ਵੇ ਕਾਕਾ ਲੋਰੀਆਂ।

ਹੱਥਾਂ ਤੇਰਿਆਂ ਨੂੰ ਸੂਤੜੇ, ਪੈਰਾਂ ਤੇਰਿਆਂ ਨੂੰ ਕੜੀਆਂ,
ਤੇਰੀ ਨਾਨੀ ਤੇ ਮਾਸੀ ਦੀਆਂ ਲੱਤਾਂ ਰਹਿ ਗਈਆਂ ਖੜ੍ਹੀਆਂ,
ਲੈ ਵੇ ਬਾਬਾ ਲੋਰੀਆਂ, ਲੈ ਵੇ ਕਾਕਾ ਲੋਰੀਆਂ।

* * * *

## ਤੇਰਾ ਹੋਰ ਕੀ ਚੁੰਮਾਂ

ਤੇਰਾ ਹੋਰ ਕੀ ਚੁੰਮਾਂ ?
ਚੁੰਮਾਂ ਤੇਰੀ ਬਾਂਹ,
ਤੇਰੇ ਸਦਕੇ ਲੈਂਦੀ ਮਾਂ,
ਤੇਰਾ ਹੋਰ ਕੀ ਚੁੰਮਾਂ ? ਹੂੰ ਊਂ ਊਂ

ਤੇਰਾ ਹੋਰ ਕੀ ਚੁੰਮਾਂ ?
ਚੁੰਮਾਂ ਤੇਰੀਆਂ ਅੱਖਾਂ,
ਤੈਨੂੰ ਸਾਈਂ ਦੀਆਂ ਰੱਖਾਂ,
ਤੇਰਾ ਹੋਰ ਕੀ ਚੁੰਮਾਂ ? ਹੂੰ ਊਂ ਊਂ

ਤੇਰਾ ਹੋਰ ਕੀ ਚੁੰਮਾਂ ?
ਚੁੰਮਾਂ ਤੇਰੀ ਧੁੰਨੀ,
ਮੇਰੀ ਆਸ ਮੁਰਾਦ ਪੁੰਨੀ,
ਤੇਰਾ ਹੋਰ ਕੀ ਚੁੰਮਾਂ ? ਹੂੰ ਊਂ ਊਂ

ਤੇਰਾ ਹੋਰ ਕੀ ਚੁੰਮਾਂ ?
ਚੁੰਮਾਂ ਤੇਰੀ ਗਾਨੀ,
ਤੇਰੀ ਸਦਕੇ ਜਾਂਦੀ ਨਾਨੀ,
ਤੇਰਾ ਹੋਰ ਕੀ ਚੁੰਮਾਂ ? ਹੂੰ ਊਂ ਊਂ

ਤੇਰਾ ਹੋਰ ਕੀ ਚੁੰਮਾਂ ?
ਚੁੰਮਾਂ ਤੇਰੀ ਤੜਾਗੀ,
ਤੇਰੀ ਸਦਕੇ ਜਾਂਦੀ ਦਾਦੀ,
ਤੇਰਾ ਹੋਰ ਕੀ ਚੁੰਮਾਂ ? ਹੂੰ ਊਂ ਊਂ

* * * *

**( ਸਦਕੇ – ਕੁਰਬਾਨ, ਸਾਈਂ – ਪ੍ਰਮਾਤਮਾ, ਪੁੰਨੀ -ਪੂਰੀ, ਤੜਾਗੀ –ਲੱਕ ਦੇ ਦੁਆਲੇ ਬੰਨ੍ਹਿਆ ਨਜ਼ਰ ਲੱਗਣ ਤੋਂ ਕਾਲਾ ਧਾਗਾ। )**

## ਸੌਂ ਜਾਹ ਕਾਕਾ!

ਸੌਂ ਜਾਹ ਕਾਕਾ! ਸੌਂ ਜਾਹ ਵੇ!
ਸੌਂ ਜਾਹ ਕਾਕਾ! ਸੌਂ ਜਾਹ ਵੇ!

ਤੇਰਾ ਨਾਨਾ ਆਇਆ ਵੇ!
ਸੋਨੇ ਮੋਹਰਾਂ ਲਿਆਇਆ ਵੇ!
ਸੌਂ ਜਾਹ ਕਾਕਾ! ਸੌਂ ਜਾਹ ਵੇ!

ਤੇਰੀ ਨਾਨੀ ਆਈ ਵੇ!
ਘਿਉ ਪੰਜੀਰੀ ਲਿਆਈਵੇ!
ਸੌਂ ਜਾਹ ਕਾਕਾ! ਸੌਂ ਜਾਹ ਵੇ!

ਤੇਰਾ ਮਾਮਾ ਆਇਆ ਵੇ!
ਪੰਜ ਸੌ ਰੋਕ ਲਿਆਇਆ ਵੇ!
ਸੋ ਜਾਹ ਕਾਕਾ! ਸੌਂ ਜਾਹ ਵੇ!

ਤੇਰੀ ਮਾਸੀ ਆਈ ਵੇ!
ਸੋਨੇ ਕੰਙਣ ਲਿਆਈ ਵੇ!
ਸੌਂ ਜਾਹ ਕਾਕਾ! ਸੌਂ ਜਾਹ ਵੇ!

ਤੇਰੀ ਭੂਆ ਆਈ ਵੇ!
ਝੱਗਾ ਟੋਪੀ ਲਿਆਈ ਵੇ!
ਸੌਂ ਜਾਹ ਕਾਕਾ! ਸੌਂ ਜਾਹ ਵੇ!

* * *

**( ਮੋਹਰਾਂ - ਗਹਿਣੇ, ਕੰਙਣ - ਕੜੇ, ਪੰਜੀਰੀ - ਦੇਸੀ ਮਿਠਾਈ, ਝੱਗਾ - ਕਮੀਜ਼। )**

## ਅਭਿਆਸ-ਪ੍ਰਸ਼ਨ

ਪ੍ਰਸ਼ਨ 1. ਲੋਰੀ ਤੋਂ ਕੀ ਭਾਵ ਹੈ ?

ਪ੍ਰਸ਼ਨ 2. 'ਲੈ ਵੇ ਬਾਬਾ ਲੋਰੀਆਂ' ਲੋਰੀ ਵਿੱਚ ਕਿਹੜੇ-ਕਿਹੜੇ ਰਿਸ਼ਤੇਦਾਰਾਂ ਦਾ ਜ਼ਿਕਰ ਆਇਆ ਹੈ ?

ਪ੍ਰਸ਼ਨ 3. 'ਤੇਰਾ ਹੋਰ ਕੀ ਚੁੰਮਾਂ' ਲੋਰੀ ਦੀਆਂ ਕੋਈ ਚਾਰ ਸਤਰਾਂ ਲਿਖੋ।

ਪ੍ਰਸ਼ਨ 4. 'ਸੌਂ ਜਾਹ ਕਾਕਾ' ਲੋਰੀ ਵਿੱਚ ਨਾਨੇ, ਮਾਸੀ ਦੁਆਰਾ ਲਿਆਂਦੇ ਗਹਿਣਿਆਂ ਦੇ ਨਾਂ ਲਿਖੋ।